# ਪੰਜਾਬ ਸ਼ਹਿਰੀ ਯੋਜਨਾਬੰਦੀ ਤੇ ਵਿਕਾਸ ਅਥਾਰਟੀ ਪਟਿਆਲਾ

ਪੁੱਡਾ ਕੰਪਲੈਕਸ, ਅਰਬਨ ਅਸਟੇਟ, ਫੇਜ-2, ਪਟਿਆਲਾ

## ਜਨਤਕ ਸੂਚਨਾਂ

ਪੰਜਾਬ ਅਪਾਰਟਮੈਂਟ ਐਂਡ ਪ੍ਰਾਪਰਟੀ ਰੈਗੂਲੇਸ਼ਨ ਐਕਟ, 1995 ਅਨੁਸਾਰ ਪੁੱਡਾ ਅਪਰੂਵਡ ਕਲੋਨੀਆਂ ਦੇ ਲਾਇਸੈਂਸ ਤਿੰਨ ਸਾਲ ਲਈ ਜਾਰੀ ਗਏ ਸਨ ਅਤੇ ਇੱਕ-ਇੱਕ ਸਾਲ ਲਈ ਵਾਧਾ ਕੀਤਾ ਜਾਂਦਾ ਸੀ ਪਰੰਤੂ ਪਾਪਰਾ ਅਮੈਂਡਮੈਂਟ ਐਕਟ-2014 ਅਨੁਸਾਰ ਲਾਇਸੈਂਸ ਦੀ ਮਿਆਦ ਪੰਜ ਸਾਲ ਲਈ ਕੀਤੀ ਗਈ ਅਤੇ ਕੇਵਲ ਦੋ ਸਾਲ ਲਈ ਹੋਰ ਸਮੇਂ ਵਿੱਚ ਵਾਧਾ ਕੀਤਾ ਜਾ ਸਕਦਾ ਹੈ। ਇਸ ਲਈ ਜਿਹੜੇ ਲਾਇਸੈਂਸ ਸਾਲ 2014 ਤੋਂ ਪਹਿਲਾਂ ਜਾਰੀ ਕੀਤੇ ਗਏ ਸਨ, ਉਹਨਾਂ ਦੇ ਸਮੇਂ ਵਿੱਚ ਹੋਰ ਵਾਧਾ ਕਰਨ ਦੀ ਪਾਪਰਾ ਐਕਟ ਵਿੱਚ ਕੋਈ ਪ੍ਰਵੀਜ਼ਨ ਨਹੀਂ ਹੈ। ਇਸ ਲਈ ਸਰਕਾਰ ਵੱਲੋਂ ਅਜਿਹੇ ਕੇਸਾਂ ਵਿੱਚ ਹਮਦਰਦੀ ਦਾ ਵਤੀਰਾ ਅਪਣਾਉਂਦੇ ਹੋਏ ਇਹਨਾਂ ਲਾਇਸੈਂਸਾਂ ਦੀ ਮਿਆਦ ਵਿੱਚ ਯਕਮੁਸ਼ਤ ਇੱਕ ਵਾਰ(ਆਖਿਰੀ ਮੌਕਾ) ਲਾਇਸੈਂਸ ਦੀ ਮਿਆਦ ਖਤਮ ਹੋਣ ਦੇ ਸਮੇਂ ਤੋਂ ਮਿਤੀ 31-12-2019 ਤੱਕ ਬਣਦੀ ਲਾਇਸੈਂਸ ਰੀਨਿਊਵਲ ਫੀਸ ਅਤੇ ਲੋੜੀਂਦੇ ਦਸਤਾਵੇਜ਼ਾਂ ਸਮੇਤ ਅਪਲਾਈ ਕਰਨ ਤੇ ਵਾਧਾ ਕਰਨ ਦਾ ਫੈਸਲਾ ਕੀਤਾ ਗਿਆ ਹੈ। ਇਸ ਲਈ ਪੀ.ਡੀ.ਏ ਦੇ ਅਪਰੂਵਡ ਕਲੋਨੀਆਂ ਦੇ ਕਲੋਨਾਈਜ਼ਰਜ਼ ਨੂੰ ਕਲੋਨੀਆਂ ਦੇ ਲਾਇਸੈਂਸ ਦੀ ਮਿਆਦ ਮਿਤੀ 31-12-2019 ਤੱਕ ਵਧਾਉਣ ਹਿੱਤ ਲਾਇਸੈਂਸ ਰੀਨਿਊਵਲ ਦਾ ਆਖਿਰੀ ਮੌਕਾ ਦਿੱਤਾ ਜਾਂਦਾ ਹੈ ਅਤੇ ਕਲੋਨਾਈਜ਼ਰ ਮਿਤੀ 31-12-2019 ਤੱਕ ਆਪਣੀਆਂ ਕਲੋਨੀਆਂ ਦੇ ਕੰਪਲੀਸ਼ਨ ਅਪਲਾਈ ਕਰਨ ਦੇ ਪਾਬੰਦ ਹੋਣਗੇ। ਇਸ ਲਈ ਪੀ.ਡੀ.ਏ ਦੇ ਅਪਰੂਵਡ ਕਲੋਨੀਆਂ ਦੇ ਕਲੋਨਾਈਜ਼ਰ ਆਪਣੀ ਕਲੋਨੀਆਂ ਸਬੰਧੀ ਲੋੜੀਂਦੇ ਦਸਤਾਵੇਜ਼ ਸਮੇਤ ਫੀਸ ਪੀ.ਡੀ.ਏ ਦੇ ਦਫਤਰ, ਅਰਬਨ ਅਸਟੇਟ, ਫੇਜ਼-2, ਪਟਿਆਲਾ ਵਿਖੇ ਪੇਸ਼ ਕਰਕੇ ਲਾਇਸੈਂਸ ਰੀਨਿਊ ਕਰਵਾਉਣ ਸਬੰਧੀ ਦਿੱਤੇ ਆਖਿਰੀ ਮੌਕੇ ਦਾ ਲਾਭ ਲੈ ਸਕਦੇ ਹਨ। ਅਪਰੂਵਡ ਕਲੋਨੀਆਂ ਦੇ ਕਲੋਨਾਈਜ਼ਰਾਂ ਨੂੰ ਮਿਤੀ 31-12-2019 ਤੋਂ ਬਾਅਦ ਕੋਈ ਮੌਕਾ ਨਹੀ ਦਿੱਤਾ ਜਾਵੇਗਾ ਅਤੇ ਪਾਪਰਾ ਐਕਟ-1995 ਅਨੁਸਾਰ ਬਣਦੀ ਕਾਨੂੰਨੀ ਕਾਰਵਾਈ ਆਰੰਭ ਕਰ ਦਿੱਤੀ ਜਾਵੇਗੀ, ਜਿਸਦੀ ਜ਼ਿੰਮੇਵਾਰੀ ਖੁਦ ਕਲੋਨਾਈਜ਼ਰ ਦੀ ਹੋਵੇਗੀ।

21/1/19

ਮੁੱਖ ਪ੍ਰਸ਼ਾਸ਼ਕ,
ਪੀ.ਡੀ.ਏ.ਪਟਿਆਲਾ।

Scanned by CamScanner